Waheguru Ji Ka Khalsa,
Waheguru Ji Ki Fateh

Today's Hukamnama *Tuesday 06-10-2026*

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ, ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਣੀ-ਰਹਿਤ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

Raag Soohee, First Mehl, Chau-Padas, First House:

ਰਾਗ ਸੂਹੀ ਪਾਤਿਸ਼ਾਹੀ ਪਹਿਲੀ ਚਉਪਦੇ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥

Wash the vessel, sit down and anoint it with fragrance; then, go out and get the milk.

ਬੈਠ ਕੇ ਬਰਤਨ ਨੂੰ ਧੋ ਅਤੇ ਸੁਗੰਧਤ ਕਰ ਤਦ ਤੂੰ ਦੁੱਧ ਲੈਣ ਲਈ ਜਾ।

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥

Add the rennet of clear consciousness to the milk of good deeds, and then, free of desire, let it curdle. ||1||

ਸ਼ੁਭ ਅਮਲਾਂ ਦੇ ਦੁਧ ਵਿੱਚ ਸਿਮਰਨ ਦੀ ਜਾਗ ਲਾ ਅਤੇ ਫੇਰ ਨਿਸ਼ਕਾਮ ਹੋ ਇਸ ਨੂੰ ਜਮਣ ਲਈ ਰੱਖ ਦੇ।

ਜਪਹੁ ਤ ਏਕੋ ਨਾਮਾ ॥

Chant the Name of the One Lord.

ਤੂੰ ਇਕ ਨਾਮ ਦਾ ਆਰਾਧਨ ਕਰ।

ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥

All other actions are fruitless. ||1||Pause||

ਨਿਸਫਲ ਹਨ, ਹੋਰ ਸਾਰੇ ਕੰਮ। ਠਹਿਰਾਉ।

ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥

Let your mind be the handles, and then churn it, without sleeping.

ਆਪਣੇ ਚਿੱਤ ਨੂੰ ਹੱਥ ਦੀਆਂ ਗੁੱਲੀਆਂ ਅਤੇ ਫੇਰ ਸਦਾ ਜਾਗਦੇ ਰਹਿਣ ਨੂੰ ਦੁੱਧ ਰਿੜਕਣ ਲਈ ਨੇਤ੍ਰਾ ਬਣਾ।

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

If you chant the Naam, the Name of the Lord ,with your tongue, then the curd will be churned. In this way, the Ambrosial Nectar is obtained. ||2||

ਜੇਕਰ ਜੀਭਾਂ ਦੇ ਨਾਲ ਨਾਮ ਦਾ ਉਚਾਰਨ ਕੀਤਾ ਜਾਵੇ, ਤਦ ਹੀ ਦੁੱਧ ਰਿੜਕਿਆ ਜਾਂਦਾ ਹੈ। ਇਸ ਤਰੀਕੇ ਨਾਲ ਤੂੰ ਅੰਮ੍ਰਿਤਮਈ-ਮੱਖਣ ਨੂੰ ਪਾ ਲਵੇਂਗਾ।

ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥

Wash your mind in the pool of Truth, and let it be the vessel of the Lord; let this be your offering to please Him.

ਆਪਣੇ ਚਿੱਤ ਨੂੰ ਜੋ ਸੱਚ ਦੇ ਸਰੋਵਰ ਵਿੱਚ ਧੋਤਾ ਹੋਇਆ ਹੈ, ਪ੍ਰਭੂ ਦੇ ਨਿਵਾਸ ਲਈ ਭਾਂਡਾ ਬਣਾ, ਅਤੇ ਉਸ ਨੂੰ ਪ੍ਰਸੰਨ ਕਰਨ ਲਈ ਅਨੁਰਾਗ ਦੇ ਪੱਤਿਆਂ ਦੀ ਭੇਟਾ ਚੜ੍ਹਾ।

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥੩॥

That humble servant who dedicates and offers his life, and who serves in this way, remains absorbed in his Lord and Master. ||3||

ਟਹਿਲੂਆ, ਜਿਹੜਾ ਆਪਣੀ ਜਿੰਦ-ਜਾਨ ਦੀ ਭੇਟਾ ਚੜ੍ਹਾ ਕੇ ਆਪਣੇ ਸੁਆਮੀ ਦੀ ਘਾਲ ਕਮਾਉਂਦਾ ਹੈ, ਉਹ ਇਸ ਤਰ੍ਹਾਂ ਆਪਣੇ ਸੁਆਮੀ ਅੰਦਰ ਲੀਨ ਹੋਇਆ ਰਹਿੰਦਾ ਹੈ।

ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥

The speakers speak and speak and speak, and then they depart. There is no other to compare to You.

ਕਹਿਣ ਵਾਲੇ ਤੇਰਾ ਜੱਸ ਕਹਿਦੇ ਹਨ ਅਤੇ ਕਹਿੰਦੇ ਕਹਿੰਦੇ ਟੁਰ ਜਾਂਦੇ ਹਨ। ਤੇਰੇ ਬਰਾਬਰ ਦਾ ਹੋਰ ਕੋਈ ਨਹੀਂ।

ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

Servant Nanak, lacking devotion, humbly prays: may I sing the Praises of the True Lord. ||4||1||

ਭਗਤੀ-ਰਹਿਤ ਗੋਲ ਨਾਨਕ ਬਿਨੈ ਕਰਦਾ ਹੈ ਕਿ ਮੈਂ ਉਸ ਸੱਚੇ ਸੁਆਮੀ ਦੀ ਸਿਫ਼ਤ ਗਾਇਨ ਕਰਦਾ ਰਹਾਂ।

ਅੰਗ ੭੨੮